Ph. 225223

# ਜ਼ਿਲ੍ਹਾ ਖੁਰਾਕ ਤੇ ਸਪਲਾਈ ਕੰਟਰੋਲਰ

## *ਪ੍ਰਬੰਧਕੀ ਢਾਂਚਾ ਅਤੇ ਉਦੇਸ਼ :*

ਖੁਰਾਕ ਤੇ ਸਪਲਾਈਜ ਵਿਭਾਗ, ਪੰਜਾਬ ਦਾ ਮੁੱਖ ਉਦੇਸ਼ ਪੰਜਾਬ ਦੇ ਲੋਕਾਂ ਨੂੰ ਰੋਜ਼ਾਨਾ ਜੀਵਨ ਲਈ ਜ਼ਰੂਰੀ ਵਸਤਾਂ ਦੀ ਸਹੂਲਤ ਪ੍ਰਦਾਨ ਕਰਨਾ ਹੈ ਅਤੇ ਜ਼ਰੂਰੀ ਵਸਤਾਂ ਦੇ ਬਜ਼ਾਰ ਵਿੱਚ ਉਪਲਬਧ ਹੋਣ ਅਤੇ ਸਪਲਾਈ ਨੂੰ ਯਕੀਨੀ ਬਨਾਉਣ ਦੇ ਨਾਲ-ਨਾਲ ਕਣਕ ਅਤੇ ਝੋਨੇ ਦੀ ਸਰਕਾਰੀ ਖਰੀਦ ਕਰਨੀ/ਕਰਵਾਉਣੀ ਅਤੇ ਸਰਕਾਰੀ ਖਰੀਦ ਕੀਤੇ ਝੋਨੇ ਦੀ ਕਸਟਮ ਮਿਲਿੰਗ ਕਰਵਾ ਕੇ ਕੇਂਦਰੀ ਪੂਲ ਵਿੱਚ ਚਾਵਲ ਦੇਣਾ ਹੈ। ਇਸ ਵਿਭਾਗ ਦੇ ਸਾਰੇ ਜ਼ਿਲ੍ਹਿਆਂ ਵਿੱਚ ਜ਼ਿਲ੍ਹਾ ਪੱਧਰ ਤੇ ਜ਼ਿਲ੍ਹਾ ਖੁਰਾਕ ਤੇ ਸਪਲਾਈ ਕੰਟਰੋਲਰ ਹੁੰਦਾ ਹੈ, ਜਿਸ ਦੇ ਅਧੀਨ ਤਹਿਸੀਲ ਪੱਧਰ ਤੇ ਜ਼ਿਲ੍ਹਾ ਖੁਰਾਕ ਤੇ ਸਪਲਾਈ ਅਫ਼ਸਰ ਅਤੇ ਬਲਾਕ ਪੱਧਰ ਤੇ ਸਹਾਇਕ ਖੁਰਾਕ ਤੇ ਸਪਲਾਈ ਅਫ਼ਸਰ ਤਾਇਨਾਤ ਹੁੰਦੇ ਹਨ, ਜਿਹੜੇ ਇੰਸਪੈਕਟਰਾਂ ਦੀ ਕਾਰਜਸ਼ੀਲਤਾ ਨਾਲ ਜ਼ਰੂਰੀ ਵਸਤਾਂ ਦੀ ਵੰਡ ਪ੍ਰਣਾਲੀ ਨੂੰ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹਦੇ ਹਨ। ਇਹ ਵਿਭਾਗ ਖਪਤਕਾਰਾਂ ਦੇ ਹਿੱਤਾਂ ਦੀ ਰਖਵਾਲੀ ਲਈ ਹਰ ਸਾਲ ਮਾਰਚ ਦੇ ਮਹੀਨੇ ਖਪਤਕਾਰ ਸੁਰੱਖਿਆ ਸਪਤਾਹ ਮਨਾਉਂਦਾ ਹੈ। ਜ਼ਿਲ੍ਹਾ ਮਾਨਸਾ ਦੇ ਸਦਰ ਮੁਕਾਮ ਵਿਖੇ ਪੁਰਾਣੀ ਕਚਹਿਰੀ ਰੋਡ, ਮਾਈ ਨਿੱਕੋ ਦੇਵੀ ਸਕੂਲ ਦੇ ਨਜ਼ਦੀਕ ਜ਼ਿਲ੍ਹਾ ਖੁਰਾਕ ਤੇ ਸਪਲਾਈ ਕੰਟਰੋਲਰ ਦਾ ਦਫ਼ਤਰ ਹੈ।

ਇਸ ਵਿਭਾਗ ਦਾ ਉਦੇਸ਼ ਸਮੇਂ-ਸਮੇਂ ਤੇ ਸਸਤੇ ਭਾਅ ਤੇ ਅਨਾਜ ਅਤੇ ਦੂਜੀਆਂ ਵਸਤਾਂ ਦੀ ਸੁਚੱਜੀ ਵੰਡ ਤੇ ਗਰੀਬੀ ਦੀ ਰੇਖਾ ਤੋਂ ਹੇਠਾਂ ਰਹਿ ਰਹੇ ਪਰਿਵਾਰਾਂ (ਬੀ.ਪੀ.ਐਲ.)/ਅਨਤੋਦਿਆਂ ਨੂੰ ਅਨਾਜ ਮੁਹੱਈਆ ਕਰਨਾ ਹੈ। ਇਸ ਵੇਲੇ ਕਣਕ, ਚਾਵਲ, ਮਿੱਟੀ ਦਾ ਤੇਲ ਅਤੇ ਲੈਵੀ ਚੀਨੀ ਦੀ ਵੰਡ ਹੋ ਰਹੀ ਹੈ। ਸਰਕਾਰ ਵੱਲੋਂ ਸੂਚੀ ਵਿੱਚ ਤਬਦੀਲੀ ਹਾਲਾਤਾਂ ਅਨੁਸਾਰ ਕੀਤੀ ਜਾਂਦੀ ਹੈ। ਪੰਜਾਬ ਰਾਜ ਵਿੱਚ ਉਦੇਸ਼ ਪੂਰਵਕ ਲੋਕ ਵੰਡ ਪ੍ਰਣਾਲੀ (ਟੀ.ਪੀ.ਡੀ.ਐਸ.) ਅਨੁਸਾਰ ਰਾਜ ਸਰਕਾਰ ਨੇ ਇਸ ਸਕੀਮ ਅਧੀਨ ਸ਼ਨਾਖਤ ਕੀਤੇ ਪਰਿਵਾਰਾਂ ਨੂੰ ਕਵਰ ਕੀਤਾ ਹੈ ਅਤੇ 35 ਕਿਲੋ ਅਨਾਜ ਪ੍ਰਤੀ ਮਹੀਨਾ ਪ੍ਰਤੀ ਪਰਿਵਾਰ, ਸਬਸੀਡਾਈਜਡ ਭਾਅ ਤੇ ਭਾਰਤ ਸਰਕਾਰ ਵੱਲੋਂ ਮਿੱਥੇ ਸਕੇਲ ਅਨੁਸਾਰ ਦਿੱਤਾ ਜਾਂਦਾ ਹੈ। ਅਨਾਜ ਸਸਤੇ ਭਾਅ ਦੀਆਂ ਦੁਕਾਨਾਂ ਡਿਪੂਆਂ ਰਾਹੀਂ ਅਨਾਜ ਦੇ ਰੂਪ ਵਿੱਚ ਦਿੱਤਾ ਜਾਂਦਾ ਹੈ।

## *1. ਜ਼ਰੂਰੀ ਵਸਤਾਂ ਦੀ ਵੰਡ*

ਜ਼ਿਲ੍ਹਾ ਮਾਨਸਾ ਦੇ ਲੋਕਾਂ ਨੂੰ ਜ਼ਰੂਰੀ ਵਸਤਾਂ ਦੀ ਸਪਲਾਈ ਯਕੀਨੀ ਬਨਾਉਣ ਲਈ ਜ਼ਿਲ੍ਹੇ ਭਰ ਵਿੱਚ ਸਰਕਾਰੀ ਰਾਸ਼ਨ ਦੀਆਂ ਦੁਕਾਨਾਂ (ਡਿਪੂ) ਖੋਲ੍ਹੀਆਂ ਗਈਆਂ ਹਨ। ਇਸ ਸਮੇਂ ਸਰਕਾਰੀ ਰਾਸ਼ਨ ਦੀਆਂ ਦੁਕਾਨਾਂ (ਡਿਪੂਆਂ) ਰਾਹੀਂ ਖੰਡ, ਮਿੱਟੀ ਦਾ ਤੇਲ, ਕਣਕ ਦਿੱਤੀ ਜਾ ਰਹੀ ਹੈ।

## *ਰਾਸ਼ਨ ਕਾਰਡ ਬਨਾਉਣ ਦੀ ਜਾਣਕਾਰੀ*

| | | |
|---|---|---|
| (ੳ) | ਪਾਤਰਤਾ | ਇਲਾਕੇ ਦਾ ਹਰ ਇੱਕ ਨਿਵਾਸੀ |
| (ਅ) | ਰਾਸ਼ਨ ਕਾਰਡ ਕਿੱਥੋਂ ਮਿਲੇਗਾ ? | ਜ਼ਿਲ੍ਹਾ ਖੁਰਾਕ ਤੇ ਸਪਲਾਈ ਅਫ਼ਸਰ ਸਹਾਇਕ |

ਖੁਰਾਕ ਤੇ ਸਪਲਾਈ ਅਫ਼ਸਰ ਦੇ ਦਫ਼ਤਰ ਵਿਖੇ ।

***ਸਮਰੱਥ ਅਧਿਕਾਰੀ ਕੌਣ ਹੈ ?***

| | | |
|---|---|---|
| (ੳ) | ਜ਼ਿਲ੍ਹਾ ਦਫ਼ਤਰ ਨਗਰ ਕੌਂਸਿਲ ਖੇਤਰ ਵਿੱਚ | ਜ਼ਿਲ੍ਹਾ ਖੁਰਾਕ ਤੇ ਸਪਲਾਈ ਕੰਟਰੋਲਰ<br>ਸਹਾਇਕ ਖੁਰਾਕ ਤੇ ਸਪਲਾਈ ਅਫ਼ਸਰ |
| (ਅ) | ਬਾਕੀ ਨਗਰ ਕੌਂਸਿਲ ਖੇਤਰਾਂ ਵਿੱਚ | ਸਹਾਇਕ ਖੁਰਾਕ ਤੇ ਸਪਲਾਈ ਅਫ਼ਸਰ |

***ਪੀਲੇ ਕਾਰਡ ਬਨਾਉਣ ਸਬੰਧੀ ਸਮਰੱਥ ਅਧਿਕਾਰੀ :-***

ਪੰਜਾਬ ਰਾਜ ਵਿੱਚ ਗਰੀਬੀ ਦੀ ਰੇਖਾ ਤੋਂ ਹੇਠਾਂ ਰਹਿਣ ਵਾਲੇ ਪਰਿਵਾਰਾਂ ਨੂੰ ਸਸਤੇ ਭਾਅ ਤੇ ਅਨਾਜ ਦੇਣ ਲਈ ਅਤੇ ਹੋਰ ਸਹੂਲਤਾਂ ਦੇਣ ਲਈ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਵੱਲੋਂ ਪੀਲੇ ਕਾਰਡ ਲਈ ਕਾਰਵਾਈ ਕੀਤੀ ਜਾਂਦੀ ਹੈ ।

## ਪੀਲੇ ਕਾਰਡ ਬਨਾਉਣ ਲਈ ਲੋੜੀਂਦੇ ਦਸਤਾਵੇਜ਼/ਜਾਣਕਾਰੀ

| | | | |
|---|---|---|---|
| 1. | ਬਿਨੈ ਪੱਤਰ ਦੇ ਨਾਲ ਕਿਹੜੀਆਂ ਸੂਚਨਾਵਾਂ ਚਾਹੀਦੀਆਂ ਹਨ ? | 1. | ਨਿਵਾਸੀ ਦਾ ਪਤਾ, ਪਰਿਵਾਰ ਦੇ ਮੈਂਬਰਾਂ ਦੀ ਗਿਣਤੀ ਉਮਰ ਅਤੇ ਰਾਸ਼ਨ ਕਾਰਡ ਬਨਾਉਣ ਦਾ ਕਾਰਨ |
| | | 2. | ਪੁਰਾਣਾ ਰਾਸ਼ਨ ਕਾਰਡ ਜਮਾਂ ਕਰਵਾਉਣ ਦਾ ਸਰੰਡਰ ਸਰਟੀਫਿਕੇਟ/ਡਲੀਸ਼ਨ ਸਰਟੀਫਿਕੇਟ । |
| 2. | ਕਾਰਡ ਦਾ ਸਮਾਂ | 5 | ਸਾਲ ਲਈ ਫਾਰਮ ਦਫ਼ਤਰ ਤੋਂ ਮੁਫ਼ਤ ਮਿਲਦੇ ਹਨ । |

## ਰਿਹਾਇਸ਼ ਤਬਦੀਲ ਕਰਨ ਉਪਰੰਤ ਕੀ ਕੀਤਾ ਜਾਵੇ ?

ਰਾਸ਼ਨ ਕਾਰਡ ਹੋਲਡਰ ਨੂੰ ਆਪਣੀ ਰਿਹਾਇਸ਼ ਤਬਦੀਲ ਕਰਨ ਉਪਰੰਤ ਆਪਣਾ ਰਾਸ਼ਨ ਕਾਰਡ ਜਮ੍ਹਾਂ ਕਰਵਾ ਕੇ ਸਰੰਡਰ ਸਰਟੀਫਿਕੇਟ ਪ੍ਰਾਪਤ ਕਰਨਾ ਚਾਹੀਦਾ ਹੈ ।

## ਅਸਥਾਈ ਰਾਸ਼ਨ ਕਾਰਡ ਬਨਾਉਣਾ

ਰਾਜ ਤੋਂ ਬਾਹਰ ਦੂਜੇ ਪ੍ਰਾਂਤ ਤੋਂ ਆਉਣ ਵਾਲੇ ਪ੍ਰਵਾਸੀ ਮਜ਼ਦੂਰਾਂ, ਸਨਅਤੀ ਕਾਮਿਆਂ ਤੇ ਗਰੀਬ ਲੋਕਾਂ ਦੇ ਰਾਸ਼ਨ ਕਾਰਡ 3 ਮਹੀਨੇ ਦੇ ਸਮੇਂ ਲਈ ਅਰਜ਼ੀ ਤੌਰ ਤੇ ਬਣਾਏ ਜਾਂਦੇ ਹਨ ਅਤੇ ਜੇਕਰ ਉਹ 3 ਮਹੀਨੇ ਦੇ ਸਮੇਂ ਅੰਦਰ ਸਰੰਡਰ ਸਰਟੀਫਿਕੇਟ ਪੇਸ਼ ਨਹੀਂ ਕਰਦੇ ਤਾਂ ਉਨ੍ਹਾਂ ਦੇ ਰਾਸ਼ਨ ਕਾਰਡ ਕੈਂਸਲ ਕਰ ਦਿੱਤੇ ਜਾਂਦੇ ਹਨ ।

*ਨੋਟ:* ਡੁਪਲੀਕੇਟ ਰਾਸ਼ਨ ਕਾਰਡ ਬਨਵਾਉਣ ਜਾਂ ਰਾਸ਼ਨ ਕਾਰਡ ਬਦਲਣ ਲਈ ਪ੍ਰਤੀ ਬੇਨਤੀ ਨਾਲ ਸਬੰਧਿਤ ਵਿਅਕਤੀ 5/- ਰੁਪਏ ਜਮਾਂ ਕਰਵਾਉਣ ਉਪਰੰਤ ਉਸਦੀ ਪ੍ਰਤੀ ਬੇਨਤੀ ਸਵੀਕਾਰ ਕੀਤੀ ਜਾਂਦੀ ਹੈ ।

# ਰਾਸ਼ਨ ਕਾਰਡ ਵਿੱਚ ਤਬਦੀਲੀ ਦੀ ਪ੍ਰਕਿਰਿਆ

| ਵੇਰਵਾ | ਕਿਸ ਨੂੰ ਬਿਨੈ ਕੀਤੀ ਜਾਵੇ | ਜ਼ਰੂਰੀ ਪ੍ਰਮਾਣ ਪੱਤਰ |
|---|---|---|
| 1. ਪਤੇ ਵਿੱਚ ਤਬਦੀਲੀ | ਸਹਾਇਕ ਖੁਰਾਕ ਤੇ ਸਪਲਾਈ ਅਫ਼ਸਰ | ਨਿਰਧਾਰਿਤ ਬਿਨੈ ਪੱਤਰ ਵਿੱਚ ਰਿਹਾਇਸ਼ ਦਾ ਸਬੂਤ |
| 2. ਰਾਸ਼ਨ ਕਾਰਡ ਸਰੰਡਰ ਕਰਨਾ | ਸਹਾਇਕ ਖੁਰਾਕ ਤੇ ਸਪਲਾਈ ਅਫ਼ਸਰ | |
| 3. ਮੈਂਬਰਾਂ ਦੀ ਗਿਣਤੀ ਵਿੱਚ ਤਬਦੀਲੀ | ਸਹਾਇਕ ਖੁਰਾਕ ਤੇ ਸਪਲਾਈ ਅਫ਼ਸਰ | ਨਿਰਧਾਰਿਤ ਬਿਨੈ ਪੱਤਰ ਦੇ ਨਾਲ ਤਬਲੀਦੀ ਦਾ ਸਬੂਤ ਜਿਵੇਂ ਕਿ ਵਿਆਹ/ਨਿਯੁਕਤੀ ਪੱਤਰ ਜਾਂ ਬਦਲੀ ਦੇ ਹੁਕਮ ਅਤੇ ਜਨਮ/ਮੌਤ ਦਾ ਸਰਟੀਫਿਕੇਟ |
| 4. ਨਾਮ ਬਦਲਣ ਸੰਬੰਧੀ | ਸਹਾਇਕ ਖੁਰਾਕ ਤੇ ਸਪਲਾਈ ਅਫ਼ਸਰ | ਜਿਸ ਵਿਅਕਤੀ ਵੱਲੋਂ ਆਪਣਾ ਰਾਸ਼ਨ ਕਾਰਡ ਵਿੱਚ ਨਾਮ ਬਦਲਣਾ ਹੋਵੇ ਬਿਨੈਕਾਰ ਇਸ ਸਬੰਧੀ ਅਖਬਾਰ ਵਿੱਚ ਵਿਗਿਆਪਨ ਦੇਣ ਉਪਰੰਤ ਰਾਸ਼ਨ ਕਾਰਡ ਵ੍ਹਿੱਚ ਨਾਮ ਬਦਲਣ ਸਬੰਧੀ ਬਿਨੈ ਪੱਤਰ ਦੇ ਨਾਲ ਅਸਟਾਮ ਪੇਪਰ ਤੇ ਬਿਆਨ ਹਲਫੀਆ ਜੋ ਤਹਿਸੀਲਦਾਰ ਤੋਂ ਤਸਦੀਕ ਹੋਵੇ ਇਹ ਬਿਨੇ ਪੱਤਰ ਮਾਨਯੋਗ ਡਿਪਟੀ ਕਮਿਸ਼ਨਰ ਜੀ ਨੂੰ ਭੇਜ ਕੇ ਪੁਲਿਸ ਰਾਹੀਂ ਤਸਦੀਕ ਕਰਵਾਈ ਜਾਂਦੀ ਹੈ। ਪੁਲਿਸ ਤਸਦੀਕ ਰਿਪੋਰਟ ਆਉਣ ਤੇ ਹੀ ਸੰਬੰਧਤ ਵਿਅਕਤੀ ਦਾ ਨਾਮ ਰਾਸ਼ਨ ਕਾਰਡ ਵਿੱਚ ਦਰਜ ਕੀਤਾ ਜਾਂਦਾ ਹੈ। |

# ਰਾਸ਼ਨ ਕਾਰਡ ਬਨਾਉਣ ਵਿੱਚ ਕਿਹੜੇ ਕੰਮ ਵਿੱਚ ਕਿੰਨਾਂ ਸਮਾਂ

| ਕੰਮ | ਸਮਾਂ | ਕਿਥੇ ਸ਼ਿਕਾਇਤ ਕੀਤੀ ਜਾਵੇ ? |
|---|---|---|
| 1. ਨਵਾਂ ਰਾਸ਼ਨ ਕਾਰਡ ਬਨਾਉਣਾ (ਬਿਨੈ ਪੱਤਰ ਪ੍ਰਾਪਤ ਹੋਣ ਤੋਂ ਬਾਅਦ) | 7 ਦਿਨ | ਜ਼ਿਲ੍ਹਾ ਖੁਰਾਕ ਤੇ ਸਪਲਾਈ ਕੰਟਰੋਲਰ |
| 2. ਕਾਰਡ ਵਿੱਚ ਯੂਨਿਟ ਦੀ ਤਬਦੀਲੀ | 7 ਦਿਨ | ਜ਼ਿਲ੍ਹਾ ਖੁਰਾਕ ਤੇ ਸਪਲਾਈ ਕੰਟਰੋਲਰ |
| 3. ਪਤੇ ਵਿੱਚ ਤਬਦੀਲੀ (ਉਸੇ ਖੇਤਰ ਵਿੱਚ) | 7 ਦਿਨ | ਜ਼ਿਲ੍ਹਾ ਖੁਰਾਕ ਤੇ ਸਪਲਾਈ ਕੰਟਰੋਲਰ |
| 4. ਪਤੇ ਵਿੱਚ ਤਬਦੀਲੀ ਪ੍ਰਾਪਤ ਹੋਣ ਉਪਰੰਤ ਰਾਸ਼ਨ ਕਾਰਡ ਬਨਾਉਣਾ | 7 ਦਿਨ | ਜ਼ਿਲ੍ਹਾ ਖੁਰਾਕ ਤੇ ਸਪਲਾਈ ਕੰਟਰੋਲਰ |
| 5. ਸਰੰਡਰ ਸਰਟੀਫਿਕੇਟ ਪ੍ਰਾਪਤ ਕਰਨਾ | 7 ਦਿਨ | ਜ਼ਿਲ੍ਹਾ ਖੁਰਾਕ ਤੇ ਸਪਲਾਈ ਕੰਟਰੋਲਰ |
| 6. ਸਰੰਡਰ ਸਰਟੀਫਿਕੇਟ ਪ੍ਰਾਪਤ ਹੋਣ ਉਪਰੰਤ ਰਾਸ਼ਨ ਕਾਰਡ ਬਨਾਉਣਾ | 7 ਦਿਨ | ਜ਼ਿਲ੍ਹਾ ਖੁਰਾਕ ਤੇ ਸਪਲਾਈ ਕੰਟਰੋਲਰ |
| 7. ਡੁਪਲੀਕੇਟ ਰਾਸ਼ਨ ਕਾਰਡ ਬਨਾਉਣਾ | 7 ਦਿਨ | ਜ਼ਿਲ੍ਹਾ ਖੁਰਾਕ ਤੇ ਸਪਲਾਈ ਕੰਟਰੋਲਰ |

# ਸਸਤੇ ਭਾਅ ਦੀ ਦੁਕਾਨਾਂ ਦੀ ਅਲਾਟਮੈਂਟ ਸੰਬੰਧੀ ਸੂਚਨਾ

1. ਪਾਤਰਤਾ — ਉਸ ਇਲਾਕੇ ਦਾ ਪੱਕਾ ਨਿਵਾਸੀ
2. ਤਰਜੀਹ/ਰਿਜ਼ਰਵੇਸ਼ਨ — ਅਨੁਸੂਚਿਤ ਜਾਤੀਆਂ ਲਈ 13% ਪਛੜੀਆਂ ਸ਼੍ਰੇਣੀਆਂ ਲਈ 5% ਸਾਬਕਾ ਫੌਜੀਆਂ ਲਈ 7% ਸੁਤੰਤਰਤਾ ਸੰਗਰਾਮੀਆਂ ਲਈ 5% ਅੰਗਹੀਣਾਂ ਲਈ 3% ਦੰਗਾ-ਪੀੜਤ/ਅੱਤਵਾਦ ਤੋਂ ਪ੍ਰਭਾਵਿਤ ਪਰਿਵਾਰਾਂ ਲਈ 5% ਅਤੇ ਇਸਤਰੀਆਂ ਦੀ ਵਲੰਟੀਅਰ ਸੰਸਥਾਵਾਂ ਲਈ 2% ਰਿਜ਼ਰਵੇਸ਼ਨ ਕੀਤੀ ਗਈ ।

| | |
|---|---|
| 3. ਕਿਸ ਵੇਲੇ ਅਲਾਟਮੈਂਟ ਲਈ ਬਿਨੈ ਪੱਤਰ ਕੀਤੀ ਜਾਵੇ। | ਸਸਤੇ ਭਾਅ ਦੀ ਦੁਕਾਨ ਲਈ ਵਕੈਂਸੀ ਉਪਲਬਧ ਹੋਣ ਤੇ |
| 4. ਬਿਨੈ ਕਿਸ ਨੂੰ ਕੀਤੀ ਜਾਵੇ। | ਸੰਬੰਧਿਤ ਜ਼ਿਲ੍ਹਾ ਖੁਰਾਕ ਤੇ ਸਪਲਾਈ ਕੰਟਰੋਲਰ |
| 5. ਸਸਤੇ ਭਾਅ ਦੀ ਦੁਕਾਨ ਦੀ ਵਕੈਂਸੀ ਉਪਲਬਧ ਹੋਣ ਦੀ ਸੂਚਨਾ | ਜ਼ਿਲ੍ਹਾ ਖੁਰਾਕ ਤੇ ਸਪਲਾਈ ਕੰਟਰੋਲਰ ਦੇ ਦਫ਼ਤਰ ਵਿੱਚ |
| 6. ਸਸਤੇ ਭਾਅ ਦੀ ਦੁਕਾਨ ਅਲਾਟ ਕਰਨ ਵਿੱਚ ਪ੍ਰਕਿਰਿਆ | ਡਿਪੂ ਦੀ ਵਕੈਂਸੀ ਉਪਲਬਧ ਹੋਣ ਤੇ ਅਖਬਾਰਾਂ ਵਿੱਚ ਵਿਗਿਆਪਨ ਦਿੱਤੇ ਜਾਂਦੇ ਹਨ ਅਤੇ ਪਿੰਡਾਂ ਵਿੱਚ ਲਾਊਡ ਸਪੀਕਰ/ਚੌਕੀਦਾਰਾਂ ਰਾਹੀਂ ਮੁਨਾਦੀ ਕਰਵਾਕੇ ਯੋਗ ਉਮੀਦਵਾਰਾਂ ਪਾਸੋਂ ਪ੍ਰਤੀ ਬੇਨਤੀ ਮੰਗੀ ਜਾਂਦੀ ਹੈ। ਪ੍ਰਾਪਤ ਦਰਖਾਸਤਾਂ ਦੀ ਛਾਣਬੀਨ ਕਰਨ ਉਪਰੰਤ ਸਰਕਾਰ ਵੱਲੋਂ ਸਮੇਂ-ਸਮੇਂ ਸਿਰ ਸਰਕਾਰੀ ਨਿਯਮਾਂ/ਹਦਾਇਤਾਂ ਅਨੁਸਾਰ ਮੈਰਿਟ ਦੇ ਅਧਾਰ ਤੇ ਜ਼ਿਲ੍ਹਾ ਸਬ ਡਵੀਜ਼ਨ ਪੱਧਰ ਤੇ ਕਮੇਟੀਆਂ ਰਾਹੀਂ ਅਲਾਟਮੈਂਟ ਕੀਤੀ ਜਾਂਦੀ ਹੈ। |
| 7. ਕਿਹੜੀਆਂ ਹਾਲਤਾਂ ਵਿੱਚ ਅਲਾਟਮੈਂਟ ਰੱਦ ਕੀਤੀ ਜਾ ਸਕਦੀ ਹੈ। | ਸਰਕਾਰੀ ਹਦਾਇਤਾਂ/ਨਿਯਮਾਂ ਦੀ ਉਲੰਘਣਾ ਦੀਆਂ ਗੰਭੀਰ ਤਰੁੱਟੀਆਂ ਜਾਂ ਊਣਤਾਈਆਂ ਪਾਈਆਂ ਜਾਣ ਤੇ ਅਲਾਟਮੈਂਟ ਰੱਦ ਕੀਤੀ ਜਾ ਸਕਦੀ ਹੈ। |
| 8. ਗਲਤ ਅਲਾਟਮੈਂਟ ਦੀ ਸ਼ਿਕਾਇਤ ਕਿੱਥੇ ਕੀਤੀ ਜਾਵੇ। | ਡਾਇਰੈਕਟਰ ਖੁਰਾਕ ਅਤੇ ਸਪਲਾਈ, ਪੰਜਾਬ/ ਸਕੱਤਰ ਖੁਰਾਕ ਅਤੇ ਸਪਲਾਈ, ਪੰਜਾਬ |

## ਲਾਇਸੈਂਸ ਕਾਰਜ

ਖਪਤਕਾਰਾਂ ਦੀ ਇੱਟਾਂ ਦੀ ਜ਼ਰੂਰਤ ਨੂੰ ਪੂਰਾ ਕਰਨ ਲਈ ਜ਼ਿਲ੍ਹੇ ਵਿੱਚ 78 ਭੱਠੇ ਹਨ। ਭੱਠੇ ਦਾ ਲਾਇਸੈਂਸ ਲੈਣ ਵਾਸਤੇ ਇਸ ਦਫ਼ਤਰ ਨਾਲ ਸਿੱਧੇ ਤੌਰ ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਪੈਟਰੋਲ/ਡੀਜ਼ਲ

ਜ਼ਿਲ੍ਹਾ ਮਾਨਸਾ ਵਿੱਚ ਖਪਤਕਾਰਾਂ ਨੂੰ ਪੈਟਰੋਲ/ਡੀਜ਼ਲ ਸਪਲਾਈ ਕਰਨ ਲਈ 68 ਪੈਟਰੋਲ ਪੰਪ ਹਨ। ਪੈਟਰੋਲ ਦੀ ਮਿਲਾਵਟ ਨੂੰ ਰੋਕਣ ਲਈ ਵਿਭਾਗ ਦੇ ਅਫ਼ਸਰਾਂ ਵੱਲੋਂ ਸਮੇਂ ਸਮੇਂ ਸਿਰ ਪੈਟਰੋਲ ਪੰਪਾਂ ਦੀ ਚੈਕਿੰਗ ਕੀਤੀ ਜਾਂਦੀ ਹੈ।

## ਘਰੇਲੂ ਗੈਸ

ਜ਼ਿਲ੍ਹਾ ਮਾਨਸਾ ਵਿੱਚ 7 ਗੈਸ ਏਜੰਸੀਆਂ ਕੰਮ ਕਰ ਰਹੀਆਂ ਹਨ ਅਤੇ ਜ਼ਿਲ੍ਹੇ ਵਿੱਚ ਕੁੱਲ 62057 ਗੈਸ ਕਾਰਡ ਹਨ ਜਿੰਨ੍ਹਾਂ ਵਿੱਚੋਂ 28998 ਡੀ.ਬੀ.ਸੀ. ਅਤੇ 23059 ਐ.ਬੀ.ਸੀ. ਗੈਸ ਕਾਰਡ ਹਨ।

## ਮਿੱਟੀ ਦਾ ਤੇਲ

ਜ਼ਿਲ੍ਹੇ ਭਰ ਵਿੱਚ ਹਰ ਮਹੀਨੇ ਔਸਤਨ 850 ਕਿਲੋ ਲੀਟਰ ਮਿੱਟੀ ਦਾ ਤੇਲ ਖਪਤਕਾਰਾਂ ਨੂੰ ਡਿਪੂਆਂ ਲਸੰਸੀਆਂ ਰਾਹੀਂ ਸਪਲਾਈ ਕੀਤਾ ਜਾਂਦਾ ਹੈ। ਇਸ ਕੰਮ ਲਈ ਜ਼ਿਲ੍ਹੇ ਵਿੱਚ ਮਿੱਟੀ ਦੇ ਤੇਲ ਦੇ 9 ਹੋਲਸੇਲ ਡੀਲਰ ਅਤੇ 63 ਰਿਟੇਲ ਡੀਲਰ ਹਨ ਅਤੇ 333 ਸਸਤੇ ਭਾਅ ਦੀਆਂ ਦੁਕਾਨਾਂ (ਰਾਸ਼ਨ ਡੀਪੂ) ਹਨ।

## ਕਣਕ/ਪੈਡੀ ਦੀ ਖਰੀਦ

ਪੈਡੀ ਦੀ ਸਰਕਾਰੀ ਖਰੀਦ ਕਰਨ ਲਈ ਜ਼ਿਲ੍ਹੇ ਵਿੱਚ 97 ਮੰਡੀਆਂ ਹਨ ਇਹਨਾਂ ਮੰਡੀਆਂ ਵਿੱਚ ਖਰੀਫ ਸਾਲ 2004-05 ਦੌਰਾਨ ਜ਼ਿਲ੍ਹੇ ਵਿੱਚ ਕੁਲ 536650 ਐਮ.ਟੀ. ਪੈਡੀ ਖ੍ਰੀਦ ਕੀਤੀ ਗਈ ਅਤੇ ਰੱਬੀ ਸੀਜਨ 2005-06 ਦੌਰਾਨ ਕੁੱਲ 106 ਖਰੀਦ ਕੇਂਦਰ ਖੋਲੇ ਗਏ ਇਹਨਾਂ ਮੰਡੀਆਂ ਵਿੱਚ 454050 ਐਮ.ਟੀ. ਖ੍ਰੀਦ ਹੋਣ ਦੀ ਸੰਭਾਵਨਾ ਹੈ।

ਖਪਤਕਾਰਾਂ ਦੇ ਹਿੱਤਾਂ ਦੀ ਰਖਵਾਲੀ ਲਈ ਮਹਿਕਮੇ ਵੱਲੋਂ ਜ਼ਿਲ੍ਹਾ ਖਪਤਕਾਰ ਝਗੜਾ ਫੋਰਮ ਦੇ ਸਹਿਯੋਗ ਨਾਲ ਹਰ ਸਾਲ 15 ਮਾਰਚ ਤੋਂ 22 ਮਾਰਚ ਤੱਕ ਖਪਤਕਾਰ ਸਪਤਾਹ ਵਿਸ਼ਵ ਪੱਧਰ ਦਾ ਅਤੇ ਮਹੀਨਾ ਦਸੰਬਰ ਵਿੱਚ ਸਟੇਟ ਪੱਧਰ ਤੇ ਜ਼ਿਲ੍ਹਾ/ਤਹਿਸੀਲ ਪੱਧਰ ਤੇ ਖਪਤਕਾਰਾਂ ਦੇ ਹੱਕਾਂ ਦੀ ਰਖਵਾਲੀ ਲਈ ਸੈਮੀਨਾਰ ਕੀਤੇ ਜਾਂਦੇ ਹਨ ਖਪਤਕਾਰਾਂ ਨੂੰ ਉਹਨਾਂ ਦੇ ਸੰਵਿਧਾਨਿਕ ਹੱਕ ਦਰਸਾਉਂਦਾ ਹੋਇਆ ਲਿਟਰੇਚਰ ਵੀ ਵੰਡਿਆ ਜਾਂਦਾ ਹੈ।